# ਸਮਾਜਿਕ ਸਿੱਖਿਆ
## (ਅਠਵੀਂ ਸ੍ਰੇਣੀ)

**ਸਮਾਂ : 3 ਘੰਟੇ**

| | |
|---|---|
| **ਲਿਖਤੀ** | **= 70 ਅੰਕ** |
| **ਪ੍ਰੈਕਟੀਕਲ / ਪ੍ਰੋਜੈਕਟ ਵਰਕ** | **= 20 ਅੰਕ** |
| **ਸੀ. ਸੀ. ਈ** | **= 10 ਅੰਕ** |
| **ਕੁੱਲ** | **= 100 ਅੰਕ** |

ਪ੍ਰਸ਼ਨ ਪੱਤਰ ਦੀ ਰੂਪ ਰੇਖਾ :

1. ਸਾਰੇ ਪ੍ਰਸ਼ਨ ਲਾਜ਼ਮੀ ਹਨ।

2. ਪ੍ਰਸ਼ਨ ਪੱਤਰ ਦੇ ਚਾਰ ਭਾਗ (ੳ, ਅ, ੲ, ਸ) ਹੋਣਗੇ :

**ਭਾਗ ੳ**

**ਬਹੁਵਿਕਲਪੀ ਪ੍ਰਸ਼ਨ:** ਇਸ ਭਾਗ ਵਿੱਚ ਭੂਗੋਲ, ਇਤਿਹਾਸ ਅਤੇ ਰਾਜਨੀਤੀ ਵਿਗਿਆਨ ਵਿਸ਼ੇ ਦੇ ਕੁੱਲ 15 ਬਹੁਵਿਕਲਪੀ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ।

$15 \times 1 = 15$ **ਅੰਕ**

**ਭਾਗ ਅ (ਭੂਗੋਲ) :** 21 ਅੰਕ

**ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ 'ਖਾਲੀ ਥਾਵਾਂ ਭਰੋ' ਅਤੇ 'ਸਹੀ/ਗਲਤ' ਟਾਈਪ ਦੇ ਕੁੱਲ 4 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ। $4\times1=4$ ਅੰਕ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਦੋ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਨਿਰਧਾਰਿਤ ਹਨ। $2\times2=4$ ਅੰਕ

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਇੱਕ ਪ੍ਰਸ਼ਨ (100% ਅੰਦਰੂਨੀ ਛੋਟ) ਵਾਲਾ ਹੋਵੇਗਾ। ਪ੍ਰਸ਼ਨ ਦਾ ਉੱਤਰ 50 ਤੋਂ ਵੱਧ ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ । $1\times3=3$ ਅੰਕ

**ਨਕਸ਼ੇ ਸੰਬੰਧੀ ਪ੍ਰਸ਼ਨ:** ਇਸ ਭਾਗ ਵਿੱਚ ਕੋਈ 10 ਸਥਾਨ ਨਕਸ਼ੇ ਵਿੱਚ ਦਰਸਾਉਣ ਲਈ ਹਿਦਾਇਤ ਹੋਵੇਗੀ। ਹਰੇਕ ਸਥਾਨ ਦਰਸਾਉਣ ਲਈ ਇੱਕ ਅੰਕ ਨਿਰਧਾਰਿਤ ਹੈ। $10\times1=10$ ਅੰਕ

ਭਾਗ ੲ –ਇਤਿਹਾਸ 22 ਅੰਕ

**ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ 'ਖਾਲੀ ਥਾਵਾਂ ਭਰੋ' ਅਤੇ 'ਸਹੀ/ਗਲਤ' ਪ੍ਰਕਾਰ ਦੇ ਕੁੱਲ 5 ਪ੍ਰਸ਼ਨ ਹੋਣਗੇ। ਪਹਿਲੇ 4 ਪ੍ਰਸ਼ਨ 4 ਅੰਕਾਂ ਦੇ ਅਤੇ ਪੰਜਵਾਂ ਪ੍ਰਸ਼ਨ $4\times\frac{1}{2}=2$ ਅੰਕ ਦਾ ਹੋਵੇਗਾ। 6 ਅੰਕ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ :** ਇਸ ਭਾਗ ਵਿੱਚ ਕੁੱਲ 2 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। ਪ੍ਰਸ਼ਨ ਦਾ ਉੱਤਰ ਵੱਧ ਤੋਂ ਵੱਧ 50 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। $2\times2=4$ ਅੰਕ

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ 4 ਪ੍ਰਸ਼ਨ 100% ਅੰਦਰੂਨੀ ਛੋਟ ਵਾਲ਼ੇ ਹੋਣਗੇ। ਇਹਨਾਂ ਪ੍ਰਸ਼ਨਾਂ ਦਾ ਉੱਤਰ 50 ਤੋਂ ਵੱਧ ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। $4\times3=12$ ਅੰਕ

**ਭਾਗ–ਸ ਰਾਜਨੀਤੀ ਵਿਗਿਆਨ:** 12 ਅੰਕ

**ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ 'ਖਾਲੀ ਥਾਂ ਭਰੋ' ਅਤੇ ' ਸਹੀ ਜਾਂ ਗਲਤ' ਪ੍ਰਕਾਰ ਦੇ ਕੁੱਲ 2 (1+1) ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ। $2\times1=2$ ਅੰਕ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 2 ਪ੍ਰਸਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਵੱਧ ਤੋਂ ਵੱਧ 50 ਸ਼ਬਦਾਂ ਦਾ ਹੋਣਾ ਚਾਹੀਦਾ ਹੈ। $2\times2=4$ ਅੰਕ

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 2 ਪ੍ਰਸ਼ਨ (100% ਅੰਦਰੂਨੀ ਛੋਟ ਵਾਲ਼ੇ) ਹੋਣਗੇ। ਹਰੇਕ ਪ੍ਰਸ਼ਨ 3 ਅੰਕ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦੇ ਉੱਤਰ 50 ਤੋਂ ਵੱਧ ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। $2\times3=6$ ਅੰਕ

| ਵਿਸ਼ਾ | ਭਾਗ-I<br>ਬਹੁ ਵਿਕਲਪੀ ਪ੍ਰਸ਼ਨ<br>ਕੁੱਲ ਪ੍ਰਸ਼ਨ–15<br>(15×1=15) | ਭਾਗ-II<br>ਪਾਠ- ਪੁਸਤਕ ਵਿੱਚ ਦਿੱਤੇ ਅਭਿਆਸ ਅਤੇ ਪਾਠ ਦੇ ਵਿਸ਼ੇ ’ਤੇ ਅਧਾਰਿਤ ਪ੍ਰਸ਼ਨ<br>(ਕੁੱਲ ਅੰਕ =55) | | | |
|---|---|---|---|---|---|
| | | ਇੱਕ ਅੰਕ ਵਾਲੇ ਪ੍ਰਸ਼ਨ<br>(ਖਾਲੀ ਥਾਵ ਭਰੋ,ਸਹੀ ਮਿਲਾਨ ਕਰੋ, ਸਹੀ ਗਲਤ ਦਸੋ) | ਦੋ ਅੰਕਾਂ ਵਾਲੇ ਪ੍ਰਸ਼ਨ<br>(50 ਸ਼ਬਦਾਂ ਤੱਕ ਦੇ ਉੱਤਰ ਵਾਲੇ ਪ੍ਰਸ਼ਨ ) | ਤਿੰਨ ਅੰਕਾਂ ਵਾਲੇ ਪ੍ਰਸ਼ਨ<br>(50 ਸ਼ਬਦਾਂ ਤੋਂ ਵੱਧ ਉੱਤਰ ਵਾਲੇ ਪ੍ਰਸ਼ਨ) | ਨਕਸ਼ੇ ਸਬੰਧੀ ਪ੍ਰਸ਼ਨ |
| ਭਾਗ-I<br>ਸਾਧਨ ਅਤੇ ਇਨ੍ਹਾਂ ਦਾ ਵਿਕਾਸ | 6 ਪ੍ਰਸ਼ਨ<br>(6×1=6) | 4 ਪ੍ਰਸ਼ਨ<br>(4×1=4) | 2 ਪ੍ਰਸ਼ਨ<br>(2×2=4) | 1 ਪ੍ਰਸ਼ਨ<br>(1×3=3)<br>(ਅੰਦਰੂਨੀ ਛੋਟ) | 1 ਪ੍ਰਸ਼ਨ (10 ਅੰਕ)<br>12 ਸਥਾਨ ਵਿੱਚੋਂ ਕੋਈ 10 ਸਥਾਨ ਭਰਨੇ ਹੋਣਗੇ। |
| ਭਾਗ-II<br>ਸਾਡਾ ਅਤੀਤ –III | 6 ਪ੍ਰਸ਼ਨ<br>(6×1=6) | 6 ਪ੍ਰਸ਼ਨ<br>(6×1=6) | 2 ਪ੍ਰਸ਼ਨ<br>(2×2=4) | 4 ਪ੍ਰਸ਼ਨ<br>(4×3=12)<br>(ਅੰਦਰੂਨੀ ਛੋਟ) | ---------- |
| ਭਾਗ-III<br>ਸਮਾਜਿਕ ਅਤੇ ਰਾਜਨੀਤਿਕ ਵਿਕਾਸ | 3 ਪ੍ਰਸ਼ਨ<br>(3 ×1=3) | 2 ਪ੍ਰਸ਼ਨ<br>(2×1=2) | 2 ਪ੍ਰਸ਼ਨ<br>(2×2=4) | 2 ਪ੍ਰਸ਼ਨ<br>(2×3=6)<br>(ਅੰਦਰੂਨੀ ਛੋਟ) | --------- |

| ਪ੍ਰੈਕਟੀਕਲ / ਪ੍ਰੋਜੈਕਟ ਵਰਕ ਕੁੱਲ 20 ਅੰਕ | ਇੰਨਟਰਨਲ ਅਸੈਸਮੈਂਟ ਕੁੱਲ 10 ਅੰਕ |
|---|---|
| ਚਾਰਟ ਮੈਕਿੰਗ (ਪਾਠਕ੍ਰਮ ਤੇ ਅਧਾਰਿਤ) 5 ਅੰਕ | • ਵਿਸ਼ੇ ਵਿੱਚ ਵਿਦਿਆਰਥੀ ਦੀ ਰੁਚੀ ਅਤੇ ਸ਼੍ਰੇਣੀ ਵਿੱਚ ਅਨੁਸ਼ਾਸਨ 3 ਅੰਕ |
| ਨਕਸ਼ਾ ਭਰੋ ਗਤੀ ਵਿਧੀ 5 ਅੰਕ | • ਬੁੱਕ ਬੈਂਕ 2 ਅੰਕ |
| ਸਮਾਜਿਕ ਵਿਗਿਆਨ ਦੀ ਸੁੰਦਰ ਕਾਪੀ / ਨੋਟ ਬੁੱਕ 5 ਅੰਕ | • ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਅਧੀਨ ਗਤੀਵਿਧੀਆਂ (ਪਾਠਕ੍ਰਮ ਤੇ ਅਧਾਰਿਤ) 5 ਅੰਕ |
| ਪ੍ਰੋਜੈਕਟ ਵਰਕ 5 ਅੰਕ<br><br>ਟੋਪਿਕਸ<br>• ਕੁਦਰਤੀ ਆਫਤਾਂ<br>ਜਾਂ<br>• ਰਾਸ਼ਟਰੀ ਅੰਦੋਲਨ 1885 ਤੋਂ 1919 ਈਸਵੀ<br>ਜਾਂ<br>• ਮੌਲਿਕ ਅਧਿਕਾਰ ਤੇ ਕਰਤਵ ਸਬੰਧੀ ਪ੍ਰੋਜੈਕਟ ਤਿਆਰ ਕਰੋ | ਨੋਟ:<br>ਸਮਾਜਿਕ ਵਿਗਿਆਨ ਵਿਸ਼ੇ ਦੀ ਪਾਠ-ਪੁਸਤਕ ਵਿੱਚ<br>• ਦਿੱਤੀਆਂ ਕ੍ਰਿਆਵਾਂ, ਗਤੀਵਿਧੀਆਂ ਆਦਿ<br>• ਵਿਦਿਆਰਥੀਆਂ ਵੱਲੋਂ ਆਪਣੀਆਂ ਨੋਟ ਬੁੱਕਸ ਵਿੱਚ ਹੀ ਕੀਤੀਆਂ ਜਾਣਗੀਆਂ। ਵੱਖਰੀਆਂ ਪ੍ਰੈਕਟੀਕਲ ਫਾਇਲ/ਸਕਰੈਪ ਬੁੱਕ ਆਦਿ ਦੀ ਜਰੂਰਤ ਨਹੀਂ ਹੈ। ਸਮਾਜਿਕ ਵਿਗਿਆਨ ਵਿਸ਼ੇ ਦੇ<br>• ਪ੍ਰੈਕਟੀਕਲ/ਪ੍ਰੋਜੈਕਟ/ਗਤੀਵਿਧੀਆਂ ਸਕੂਲ ਆਪਣੇ ਪੱਧਰ ਤੇ ਕੰਡਕਟ ਕਰਨਗੇ) |

# ਪਾਠਕ੍ਰਮ

| ਭਾਗ | ਪਾਠ ਦਾ ਨਾਂ |
|---|---|
| **ਭਾਗ-I** ਸਾਧਨ ਅਤੇ ਇਨ੍ਹਾਂ ਦਾ ਵਿਕਾਸ | ਸਾਧਨ- ਕਿਸਮਾਂ ਅਤੇ ਸਾਂਭ ਸੰਭਾਲ |
| | ਕੁਦਰਤੀ ਸਾਧਨ |
| | ਖਣਿਜ ਅਤੇ ਸ਼ਕਤੀ ਦੇ ਸਾਧਨ |
| | ਸਾਡੀ ਖੇਤੀਬਾੜੀ |
| | ਆਫਤ ਪ੍ਰਬੰਧਨ |
| **ਭਾਗ-II** ਸਾਡਾ ਅਤੀਤ- III | ਕਿੱਥੇ, ਕਦੋਂ ਅਤੇ ਕਿਵੇਂ |
| | ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ |
| | ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਿਲ ਪ੍ਰਸ਼ਾਸ਼ਨ ਦਾ ਵਿਕਾਸ |
| | ਪੇਂਡੂ ਜੀਵਨ ਅਤੇ ਸਮਾਜ |
| | ਬਸਤੀਵਾਦ ਅਤੇ ਕਬਾਇਲੀ ਸਮਾਜ |
| | ਦਸਤਕਾਰੀ ਅਤੇ ਉਦਯੋਗ |
| | 1857 ਈ. ਦਾ ਵਿਦਰੋਹ |
| | ਸਿੱਖਿਆ ਅਤੇ ਅੰਗਰੇਜ਼ੀ ਰਾਜ |
| | ਇਸਤਰੀਆਂ ਅਤੇ ਸੁਧਾਰ |
| | ਜਾਤੀ-ਪ੍ਰਥਾ ਨੂੰ ਚਣੌਤੀ |
| | ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ |
| | ਕਲਾਵਾਂ: ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ |
| | ਰਾਸ਼ਟਰੀ ਅੰਦੋਲਨ: 1885-1919 |
| | ਭਾਰਤੀ ਸੁਤੰਤਰਤਾ ਲਈ ਸੰਘਰਸ਼:1919-1947 |
| | ਸੁਤੰਤਰਤਾ ਤੋਂ ਬਾਅਦ ਦਾ ਭਾਰਤ |
| **ਭਾਗ-III** ਸਮਾਜਿਕ ਅਤੇ ਰਾਜਨੀਤਿਕ ਜੀਵਨ | ਸੰਵਿਧਾਨ ਅਤੇ ਕਾਨੂੰਨ |
| | ਧਰਮ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ ਵਜੋਂ ਮੁਢਲੇ ਕਰਤੱਵ |
| | ਮੁੱਢਲੇ ਅਧਿਕਾਰ ਅਤੇ ਮਨੁੱਖੀ ਅਧਿਕਾਰਾਂ ਵੱਜੋਂ ਮੁੱਢਲੇ ਕਰਤੱਵ |
| | ਸੰਸਦ ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਵਾਂ |
| | ਨਿਆਂਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ |
| | ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ |

ਨਕਸ਼ੇ ਸਬੰਧੀ ਪ੍ਰਸ਼ਨ ਭਾਗ-**I** : ਸਾਧਨ ਅਤੇ ਇਨ੍ਹਾਂ ਦਾ ਵਿਕਾਸ ਪਾਠਾਂ 'ਤੇ ਅਧਾਰਿਤ ਹੋਣਗੇ
ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸਾਓ:-

1. ਭਾਰਤ ਦੇ ਉੱਤਰੀ ਮੈਦਾਨ
2. ਗੰਗਾ ਅਤੇ ਬ੍ਰਹਮਪੁੱਤਰ ਦਰਿਆ

3. ਜਲੌਢੀ ਮਿੱਟੀ ਦਾ ਇੱਕ ਖੇਤਰ
4. ਕਾਲੀ ਮਿੱਟੀ ਵਾਲਾ ਇੱਕ ਰਾਜ
5. ਸਦਾਬਹਾਰ ਜੰਗਲਾਂ ਵਾਲਾ ਇੱਕ ਖੇਤਰ
6. ਪਰਬਤੀ ਅਤੇ ਡੈਲਟਾ ਕਿਸਮ ਦੀ ਬਨਸਪਤੀ ਦਾ ਇੱਕ ਇੱਕ ਖੇਤਰ
7. ਕੱਚੇ ਲੋਹੇ ਦਾ ਇੱਕ ਮਹੱਤਵਪੂਰਨ ਖੇਤਰ
8. ਮੈਗਨੀਜ਼ ਦਾ ਇੱਕ ਮਹੱਤਵਪੂਰਨ ਖੇਤਰ
9. ਸੋਨੇ ਦਾ ਇੱਕ ਮਹੱਤਵਪੂਰਨ ਖੇਤਰ
10. ਤਾਂਬੇ ਦਾ ਇੱਕ ਮਹੱਤਵਪੂਰਨ ਖੇਤਰ
11. ਅਬਰਕ ਦਾ ਇੱਕ ਮਹੱਤਵਪੂਰਨ ਖੇਤਰ
12. ਬਾਕਸਾਈਟ ਦਾ ਇੱਕ ਮਹੱਤਵਪੂਰਨ ਖੇਤਰ
13. ਕੋਲੇ ਦਾ ਇੱਕ ਮਹੱਤਵਪੂਰਨ ਖੇਤਰ
14. ਪੈਟਰੋਲੀਅਮ ਦਾ ਇੱਕ ਮਹੱਤਵਪੂਰਨ ਖੇਤਰ
15. ਚਾਹ ਪੈਦਾ ਕਰਨ ਵਾਲੇ ਦੋ ਸਥਾਨ
16. ਕਣਕ ਪੈਦਾ ਕਰਨ ਵਾਲੇ ਦੋ ਸਥਾਨ
17. ਝੋਨਾ (ਚਾਵਲ) ਪੈਦਾ ਕਰਨ ਵਾਲੇ ਦੋ ਸਥਾਨ
18. ਕਪਾਹ ਪੈਦਾ ਕਰਨ ਵਾਲੇ ਦੋ ਸਥਾਨ
19. ਪਟਸਨ ਪੈਦਾ ਕਰਨ ਵਾਲੇ ਦੋ ਸਥਾਨ